# Jan Shakti Party of India

Registered under Section 29A of the Representation of People Act, 1951 Regd. No. 56/216/2014/PPS-I

ਸੇਵਾ ਵਿਖੇ,

ਸਿਖਿਆ ਮੰਤਰੀ ਸਾਹਿਬ,
ਪੰਜਾਬ।

ਵਿਸ਼ਾ : ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨੂੰ ਨਿਰਧਾਰਤ ਕਰਨ ਵਾਸਤੇ ਰੈਗੁਲੇਟਰੀ/ਕਮਿਸ਼ਨ/ਅਥਾਰਟੀ ਸਥਾਪਤ ਕਰਨ ਦੀ ਮੰਗ ਸਬੰਧੀ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਭਾਰਤ ਦੇਸ਼ ਦੀ ਜਨਸੰਖਿਆ ਦੇ ਹਿਸਾਬ ਨਾਲ ਸਰਕਾਰੀ ਵਿਦਿਅਕ ਅਦਾਰਿਆਂ ਦੀ ਤੁਲਨਾਤਮਕ ਗਿਣਤੀ ਕਾਫੀ ਘੱਟ ਹੈ। ਸੋ ਸਮਾਜ ਵਿਚ ਵਿਦਿਆ ਦੇ ਪ੍ਰਸਾਰ ਲਈ ਪ੍ਰਾਈਵੇਟ ਸਿਖਿਆ ਅਦਾਰੇ ਬਹੁਤ ਯੋਗਦਾਨ ਪਾ ਰਹੇ ਹਨ।

ਪਰ ਅੱਜ ਬਹੁਤ ਸਾਰੇ ਪ੍ਰਾਈਵੇਟ ਵਿਦ੍ਵਿਅਕ ਅਦਾਰਿਆਂ ਨੇ ਸਕੂਲੀ ਵਿੱਦਿਆ ਨੂੰ ਸਿਰਫ ਅਤੇ ਸਿਰਫ ਵਪਾਰ ਬਣਾ ਲਿਆ ਹੈ, ਅਤੇ ਇਹ ਅਦਾਰੇ ਹਰ ਸਾਲ ਫੀਸਾਂ ਵਿੱਚ ਭਾਰੀ ਵਾਧਾ ਕਰ ਦਿੰਦੇ ਹਨ। ਇਹਨਾਂ ਸਕੂਲਾਂ ਵਿਚ ਭਾਰਤੀ ਮੱਧ ਵਰਗੀ ਪਰਿਵਾਰਾਂ ਦੇ ਬੱਚੇ ਹੀ ਪੜ੍ਹਦੇ ਹਨ ਤੇ ਇਹਨਾਂ ਪਰਿਵਾਰਾਂ ਤੇ ਹਰ ਸਾਲ ਪੜਾਈ ਦੇ ਖਰਚੇ ਦਾ ਬੋਝ ਵੱਧ ਰਿਹਾ ਹੈ।

ਜਦੋਂ ਇਹ ਪਰਿਵਾਰ ਸਕੂਲ ਤੋਂ ਫੀਸਾਂ ਵਧਾਉਣ ਦਾ ਕਾਰਨ ਪੁੱਛਦੇ ਹਨ ਤਾਂ ਸਕੂਲ ਪ੍ਰਸ਼ਾਸਨ ਵਲੋਂ ਕੋਈ ਵੀ ਢੁੱਕਵਾਂ ਜਵਾਬ ਨਹੀਂ ਦਿੱਤਾ ਜਾਂਦਾ ਤੇ ਇਹ ਕਿਹ ਕੇ ਪੱਲਾ ਝਾੜ ਲਿਆ ਜਾਂਦਾ ਹੈ ਕਿ ਜੇ ਫੀਸਾਂ ਵੱਧ ਲਗ ਰਹੀਆਂ ਹਨ ਤਾਂ ਬੱਚੇ ਨੂੰ ਸਕੂਲ ਤੋਂ ਹਟਾ ਕੇ ਕਿਸੇ ਹੋਰ ਸਕੂਲ ਵਿਚ ਦਾਖਲ ਕਰਵਾ ਲਵੋ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਬੱਚਿਆਂ ਦੇ ਨਵੇਂ ਦਾਖਲੇ ਦੀਆਂ ਫੀਸਾਂ ਕਿਤਾਬਾਂ ਦੇ ਖਰਚੇ ਵੀ ਲੱਖਾਂ ਰੁਪਏ ਤਕ ਪਹੁੰਚ ਰਹੇ ਹਨ।ਅੱਜ ਪ੍ਰਾਈਵੇਟ ਸੰਸਥਾਵਾਂ ਵਿੱਚ ਬੱਚਿਆਂ ਨੂੰ ਪੜਾਉਣਾ ਹਰ ਸਾਲ ਮਹਿੰਗਾ ਹੁੰਦਾ ਰਿਹਾਂ ਜਾ ਹੈ।

ਸੋ ਅਸੀਂ ਜਨ ਸ਼ਕਤੀ ਪਾਰਟੀ ਆਫ ਇੰਡਿਆ ਦੇ ਸਮੂਹ ਵਰਕਰ ਆਪ ਜੀ ਪਾਸੋਂ ਮੰਗ ਕਰਦੇ ਹਾਂ ਕਿ ਇਹਨਾਂ ਪ੍ਰਾਈਵੇਟ ਸਿਖਿਆ ਸੰਸਥਾਵਾਂ ਨੂੰ ਕਿਸੇ ਸਰਕਾਰੀ ਕਮਿਸ਼ਨ, ਰੈਗੁਲੇਟਰੀ ਜਾਂ ਅਥਾਰਟੀ ਦੇ ਅਧੀਨ ਲਿਆਂਦਾ ਜਾਵੇ ਤੇ ਇਹ ਕਮਿਸ਼ਨ, ਰੈਗੁਲੇਟਰੀ ਜਾਂ ਅਥਾਰਟੀ ਸਕੂਲਾਂ ਦੀਆਂ ਫੀਸਾਂ, ਕਿਤਾਬਾਂ ਅਤੇ ਹੋਰ ਖਰਚਿਆਂ ਨੂੰ ਨਿਰਧਾਰਤ ਕਰੇ।

ਇਸ ਬਾਬਤ ਸਾਡੇ ਕੁੱਝ ਸੁਝਾਵ ਹਨ ਜੋ ਹੇਠਾਂ ਦੱਸੇ ਗਏ ਹਨ।

1. ਸਕੂਲ ਦੀਆਂ ਸੁਵਿਧਾਵਾਂ, ਰਿਜ਼ਲਟ, ਸਟਾਫ ਅਤੇ ਬਿਲਡਿੰਗ ਦੇ ਅਧਾਰ ਤੇ ਸਕੂਲਾਂ ਦੀ ਕੈਟੇਗਰੀ ਨਿਰਧਾਰਤ ਕੀਤੀ ਜਾਵੇ। ਤੇ ਸਕੂਲ ਦੀ ਫੀਸ ਉਪਰੋਕਤ ਕੈਟੇਗਰੀ ਦੇ ਅਨੁਸਾਰ ਖਾਸ ਫਾਰਮੂਲੇ ਅਧੀਨ ਤਹਿ ਕੀਤੀ ਜਾਵੇ।
2. ਇਹ ਅਥਾਰਟੀ ਕਮਿਸ਼ਨ ਇਤਨਾ ਸ਼ਕਤੀਸ਼ਾਲੀ ਹੋਏ ਕਿ ਸਕੂਲ ਪ੍ਰਸ਼ਾਸਨ ਇਸ ਦੇ ਨਿਯਮਾਂ ਨੂੰ ਮੰਨਣ ਦਾ ਪੂਰੀ ਤਰਾਂ ਪਾਬੰਦ ਹੋਵੇ।
3. ਪੂਰੇ ਰਾਜ ਦੇ ਸਕੂਲਾਂ ਵਿੱਚ ਸਿਲੇਬਸ ਅਤੇ ਕਿਤਾਬਾਂ ਦੀ ਇਕਸਾਰਤਾ ਹੋਵੇ ਤੇ ਇਹਨਾਂ ਕਿਤਾਬਾਂ ਦਾ ਵੱਧ ਤੋ ਵੱਧ ਪ੍ਰਚੂਣ ਮੁੱਲ ਨਿਰਧਾਰਤ ਹੋਵੇ।
4. ਸਕੂਲੀ ਕਿਤਾਬਾਂ ਦਾ ਰਾਈਟ ਅਧਿਕਾਰ ਪਬਲਿਕ ਦਾ ਹੋਵੇ ਤੇ ਕੋਈ ਵੀ ਪਬਲਿਸ਼ਰ, ਸੰਸਥਾ ਜਾਂ ਕੰਪਨੀ ਇਹਨਾਂ ਕਿਤਾਬਾਂ ਨੂੰ ਸਰਕਾਰੀ ਨਿਰਧਾਰਤ ਮੁੱਲ ਤੇ ਜਾਂ ਇਸ ਤੋਂ ਘੱਟ ਜਾਂ ਲਾਗਤ ਮਾਤਰ ਜਾਂ ਮੁਫਤ ਵੰਡ ਸਕੇ।
5. ਸਕੂਲੀ ਆਵਾਜਾਈ ਦੇ ਸਾਧਨਾਂ ਦੇ ਰੇਟ ਵੀ ਗੱਡੀ ਦੀ ਸੀਟਾਂ ਦੀ ਗਿਣਤੀ, ਇੰਜਣ ਦੀ ਸਮੱਰਥਾ, ਤੇ ਦੂਰੀ ਦੇ ਹਿਸਾਬ ਨਾਲ ਪ੍ਰਤੀ ਕਿਲੋਮੀਟਰ ਦੀ ਦਰ ਤੇ ਤੈਅ ਕੀਤੇ ਜਾਣ।

**Communication Address:** 7107, Street No.3, New Vishwakarma Nagar, Focal Point, Ludhiana-141010.
www.jspi.org.in, gsazad@jspi.org.in

# Jan Shakti Party of India

Registered under Section 29A of the Representation of People Act, 1951 Regd. No. 56/216/2014/PPS-I

6. ਹਰ ਸਕੂਲ ਪੁਰਾਣੀਆਂ ਪੁਸਤਕਾਂ ਦਾ "ਬੈਂਕ" ਤਿਆਰ ਕਰੇ। ਜਿਸ ਅਧੀਨ ਇਹ ਕਿਤਾਬਾਂ ਲੋੜਵੰਧ ਵਿਦਿਆਰਥੀਆਂ ਨੂੰ ਮੁਫਤ ਜਾਂ ਪੁਰਾਣੇ ਰੇਟ ਤੇ ਮੁਹਈਆ ਕਰਵਾਵੇ।
7. ਸਕੂਲਾਂ ਵਲੋਂ ਹਰ ਸਾਲ ਦਾਖਲੇ ਸਮੇਂ ਸਕੂਲ ਤੋਂ ਹੀ ਸਟੇਸ਼ਨਰੀ ਖਰੀਦਣ ਦੀ ਸ਼ਰਤ ਖਤਮ ਕੀਤੀ ਜਾਵੇ।
8. ਸਕੂਲ ਦੇ ਪ੍ਰੋਸਪੈਕਟਸ ਦੀ ਕੀਮਤ ਨਿਰਧਾਰਤ ਕੀਤੀ ਜਾਵੇ।
9. ਸਕੂਲਾਂ ਵਿਚ ਨਰਸਰੀ ਦੇ ਦਾਖਲੇ ਸਾਂਝੇ ਰੂਪ ਵਿਚ ਹੋਣ ਤਾਂ ਜੋ ਮਾਂ-ਬਾਪ ਨੂੰ ਅਲੱਗ-ਅਲੱਗ ਪ੍ਰਾਸਪੈਕਟਸ ਖਰੀਦਣ ਦੇ ਖਰਚੇ ਤੋਂ ਛੁਟਕਾਰਾ ਹੋ ਸਕੇ।
10. ਸਕੂਲ ਵਿਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਗਿਣਤੀ ਵੀ ਨਿਰਧਾਰਤ ਕੀਤੀ ਜਾਵੇ ਤਾਂ ਜੋ ਕਿਸੇ ਖਾਸ ਸੰਸਥਾ ਵਿਅਕਤੀ ਵਿਸ਼ੇਸ ਦਾ ਏਕਾ ਅਧਿਕਾਰ (ਮਨੋਪਲੀ) ਖਤਮ ਹੋ ਸਕੇ।
11. ਵੱਧ ਜਨਸੰਖਿਆ ਘਣਤਾ ਵਾਲੇ ਸ਼ਹਿਰੀ ਖੇਤਰਾਂ ਵਿਚ ਘੱਟ ਜ਼ਮੀਨੀ ਖੇਤਰਫਲ ਵਾਲੇ ਸਕੂਲਾਂ ਨੂੰ ਵੀ ਮਾਨਤਾ ਦਿੱਤੀ ਜਾਵੇ ਜਿਸ ਵਿਚ ਬੱਚਿਆਂ ਦੀ ਵੱਧ ਤੋਂ ਵੱਧ ਗਿਣਤੀ ਨਿਰਧਾਰਤ ਹੋਵੇ।
12. ਬੇਲੋੜੇ ਸਬਜੈਕਟ/ ਤਕਨੀਕੀ ਕਿਤਾਬਾਂ ਤੇ ਪਾਬੰਦੀ ਲਗਾਈ ਜਾਵੇ।
13. ਸਕੂਲਾਂ ਵਿੱਚ ਗਰੀਬ ਬੱਚਿਆਂ ਲਈ ਨਿਰਧਾਰਤ ਪ੍ਰਤੀਸ਼ਤ ਨੂੰ ਸਖਤੀ ਨਾਲ ਲਾਗੂ ਕਰਵਾਇਆ ਜਾਵੇ। ਜੇਕਰ ਕੋਈ ਸਕੂਲ ਇਸ ਪ੍ਰਤੀਸ਼ਤ ਨੂੰ ਲਾਗੂ ਨਹੀਂ ਕਰਦਾ, ਤਾਂ ਉਸ ਸਕੂਲ ਦੀ ਆਮਦਨ ਤੋਂ ਨਿਰਧਾਰਤ ਪ੍ਰਤੀਸ਼ਤ ਲੈ ਕੇ ਨਜ਼ਦੀਕ ਦੇ ਸਰਕਾਰੀ ਸਕੂਲ ਵਿੱਚ ਲਗਾਇਆ ਜਾਵੇ।

ਇਹ ਕੁੱਝ ਸੁਝਾਅ ਸਾਡੇ ਵਲੋਂ ਪੇਸ਼ ਕੀਤੇ ਗਏ ਹਨ ਜੀ। ਆਪ ਜੀ ਇਹਨਾਂ ਵਿੱਚ ਹੋਰ ਵਾਧਾ ਕਰਕੇ ਜਾਂ ਇੰਨ- ਬਿੰਨ ਲਾਗੂ ਕਰਵਾ ਸਕਦੇ ਹੋ।

ਆਪ ਜੀ ਨੂੰ ਬੇਨਤੀ ਹੈ ਕਿ ਆਮ ਮੱਧ ਵਰਗੀ ਵਰਗ ਤੇ ਪੈ ਰਹੇ ਇਸ ਬੋਝ ਨੂੰ ਘਟਾਇਆ ਜਾਵੇ।ਅਸੀ ਆਪ ਜੀ ਵਲੋਂ ਚੁੱਕੇ ਗਏ ਇਨ੍ਹਾਂ ਕਦਮਾਂ ਲਈ ਬਹੁਤ ਧੰਨਵਾਦੀ ਹੋਵਾਂਗੇ ਜੀ।

ਪੜ੍ਹਿਆ ਲਿਖਿਆ ਪੰਜਾਬ ਤੇ ਪੜ੍ਹਿਆ ਲਿਖਿਆ ਸਮਾਜ ਸਿਰਜਣ ਵਿਚ ਅਪਣਾ ਬਣਦਾ ਯੋਗਦਾਨ ਪਾਈਏ ਜੀ।

ਧੰਨਵਾਦ ਜੀ

ਆਪ ਜੀ ਦੇ ਹਿਤੂ
ਸਮੂਹ ਅਹੁਦੇਦਾਰ ਤੇ ਵਰਕਰ
ਜਨ ਸ਼ਕਤੀ ਪਾਰਟੀ ਆਫ ਇੰਡਿਆ

Gurjeet Singh
10/4/2015

Gurmit Singh
10/4/2015

**Communication Address:** 7107, Street No.3, New Vishwakarma Nagar, Focal Point, Ludhiana-141010.
www.jspi.org.in, gsazad@jspi.org.in